ਦਫ਼ਤਰ ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ, ਐਸ.ਏ.ਐਸ.ਨਗਰ

(ਦਫ਼ਤਰੀ ਅਮਲਾ ਸ਼ਾਖਾ) (ਈ-ਮੇਲ ਆਈ.ਡੀ. medpipunjab@punjabeducation.gov.in)

(ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਈ-ਬਲਾਕ, ਚੌਥੀ ਮੰਜਿਲ)

ਸੇਵਾ ਵਿਖੇ

ਸਮੂਹ ਜਿਲਾ ਸਿੱਖਿਆ ਅਫਸਰ (ਸੈਸਿ/ ਐਸਿ),
ਪੰਜਾਬ।

ਮੀਮੋ ਨੰ:837641/ ੨੦੨੫੩੫੪੮੩੦੫

ਮਿਤੀ, ਐਸ.ਏ.ਐਸ.ਨਗਰ- ੨੮-੧੧-੨੦੨੫

ਵਿਸ਼ਾ- ਵਿਭਾਗ ਵੱਲੋਂ ਸਾਲ 2018 ਵਿੱਚ ਜਾਰੀ ਰੂਲਾਂ ਅਨੁਸਾਰ ਖੇਤਰੀ ਦਫਤਰਾਂ ਵਿੱਚ ਕੰਮ ਕਰਦੇ ਕਲਰਕਾਂ/ ਜੂਨੀਅਰ ਸਹਾਇਕਾਂ ਦੀ ਸੀਨੀਆਰਤਾ ਸੂਚੀ ਤਿਆਰ ਕਰਨ ਸਬੰਧੀ ਇਤਰਾਜ ਮੰਗਣ ਬਾਰੇ।

ਹਵਾਲਾ- ਇਸ ਦਫਤਰ ਦੇ ਮੀਮੋ ਨੰ : 837641/202583747 ਮਿਤੀ 27-03-2025 ਦੀ ਲਗਾਤਾਰਤਾ ਵਿੱਚ।

1. ਉਪਰੋਕਤ ਵਿਸ਼ੇ ਤੇ ਹਵਾਲੇ ਅਧੀਨ ਪੱਤਰ ਰਾਹੀ ਵਿਭਾਗ ਵੱਲੋਂ ਸਾਲ 2018 ਵਿੱਚ ਜਾਰੀ ਰੂਲਾਂ ਅਨੁਸਾਰ ਖੇਤਰੀ ਦਫਤਰਾਂ ਵਿੱਚ ਕੰਮ ਕਰਦੇ ਕਲਰਕਾਂ/ ਜੂਨੀਅਰ ਸਹਾਇਕਾਂ ਦੀ ਸੀਨੀਆਰਤਾ ਸੂਚੀ ਤਿਆਰ ਕਰਨ ਸਬੰਧੀ ਇਤਰਾਜਾਂ ਦੀ ਮੰਗ ਕੀਤੀ ਗਈ ਸੀ। ਜਿਸ ਦੇ ਸਨਮੁੱਖ ਪ੍ਰਾਪਤ ਇਤਰਾਜਾਂ ਨੂੰ ਵਿਚਾਰਦੇ ਹੋਏ ਖੇਤਰੀ ਦਫਤਰਾਂ ਵਿੱਚ ਕੰਮ ਕਰਦੇ ਕਲਰਕਾਂ/ ਜੂਨੀਅਰ ਸਹਾਇਕਾਂ ਦੀ ਸੀਨੀਆਰਤਾ ਸੂਚੀ ਨੂੰ ਫਾਇਨਲ ਕਰਨ ਸਬੰਧੀ ਕਾਰਵਾਈ ਕੀਤੀ ਜਾ ਰਹੀ ਸੀ। ਪਰੰਤੂ ਸਾਲ 2018 ਰਾਹੀ ਜਾਰੀ ਕੀਤੇ ਬਾਰਡਰ ਏਰੀਆ ਅਤੇ ਜਨਰਲ (ਨਾਨ ਬਾਰਡਰ) ਏਰੀਆ ਸਬੰਧੀ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੋਣ ਕਾਰਨ ਇਹ ਸੀਨੀਆਰਤਾ ਸੂਚੀ ਫਾਇਨਲ ਨਹੀ ਕੀਤੀ ਜਾ ਸਕੀ ਸੀ।

2. ਉਕਤ ਦੇ ਸਬੰਧ ਵਿੱਚ ਦਸਿਆ ਜਾਂਦਾ ਹੈ ਕਿ ਵਿਭਾਗ ਵੱਲੋਂ ਮਿਤੀ 25-03-2022 ਰਾਹੀਂ ਕਲਰਕਾਂ/ ਜੂਨੀਅਰ ਸਹਾਇਕਾਂ (ਖੇਤਰੀ ਦਫਤਰ) ਦੀ ਸੀਨੀਆਰਤਾ ਸੂਚੀ ਜਾਰੀ ਕੀਤੀ ਗਈ ਸੀ।

3. ਵਿਭਾਗ ਵੱਲੋਂ ਸਾਲ 2018 ਵਿੱਚ ਬਣਾਏ ਗਏ ਰੂਲ the Punjab Education Department Ministerial and Non-Teaching staff (Boarder Area) Group C Service Rules, 2018 and the Punjab Education Department Ministerial and Non-Teaching staff (Subordinate Offices) Group C Service Rules, 2018 ਅਨੁਸਾਰ ਖੇਤਰੀ ਦਫਤਰਾਂ ਵਿੱਚ ਕੰਮ ਕਰਦੇ ਕਲਰਕਾਂ/ ਜੂਨੀਅਰ ਸਹਾਇਕਾਂ ਦੀ ਸੀਨੀਆਰਤਾ ਸੂਚੀ ਨੂੰ ਬਾਰਡਰ ਏਰੀਏ (ਅੰਮ੍ਰਿਤਸਰ, ਗੁਰਦਾਸਪੁਰ, ਫਿਰੋਜਪੁਰ, ਫਾਜਿਲਕਾ, ਤਰਨਤਾਰਨ ਅਤੇ ਪਠਾਨਕੋਟ) ਅਤੇ ਜਨਰਲ (ਨਾਨ-ਬਾਰਡਰ) ਏਰੀਏ (ਬਾਕੀ ਜਿਲੇ) ਅਨੁਸਾਰ ਤਿਆਰ ਕਰਨ ਦਾ ਉਪਬੰਧ ਕੀਤਾ ਗਿਆ ਹੈ।

4. ਸਾਲ 2018 ਦੇ ਰੂਲਾਂ ਅਨੁਸਾਰ ਸੀਨੀਆਰਤਾ ਸੂਚੀ ਨੂੰ ਬਾਰਡਰ ਅਤੇ ਜਨਰਲ (ਨਾਨ-ਬਾਰਡਰ) ਏਰੀਏ ਅਨੁਸਾਰ ਤਿਆਰ ਕਰਨ ਤੋ ਪਹਿਲਾਂ ਕਰਮਚਾਰੀਆਂ ਵੱਲੋਂ ਬਾਰਡਰ ਏਰੀਏ ਜਾਂ ਜਨਰਲ (ਨਾਨ-ਬਾਰਡਰ) ਏਰੀਏ ਦੀ ਆਪਸ਼ਨ ਦਿੱਤੀ ਜਾਣੀ ਹੈ। ਇਹ ਆਪਸ਼ਨ ਇੱਕ ਵਾਰ ਦੇਣ ਉਪਰੰਤ ਉਸਨੂੰ ਬਦਲਿਆ ਨਹੀ ਜਾ ਸਕੇਗਾ।

5. ਇਸ ਲਈ ਵਿਭਾਗ ਵੱਲੋਂ ਆਪਣੇ ਪੱਤਰ ਨੰ 837641/202531925 ਮਿਤੀ 03-02-2025 ਰਾਹੀਂ ਕਲਰਕਾਂ/ ਜੂਨੀਅਰ ਸਹਾਇਕਾਂ (ਖੇਤਰੀ ਦਫਤਰ) ਦੀ ਸੀਨੀਆਰਤਾ ਸੂਚੀ ਤਿਆਰ ਕਰਨ ਤੋਂ ਪਹਿਲਾਂ

ਸਮੂਹ ਜਿਲਾ ਸਿੱਖਿਆ ਅਫਸਰ (ਸੈਸਿ) ਪੰਜਾਬ ਨੂੰ ਉਨਾਂ ਦੇ ਜਿਲੇ ਵਿੱਚ ਸੇਵਾ ਨਿਭਾ ਰਹੇ ਕਲਰਕਾਂ/ ਜੂਨੀਅਰ ਸਹਾਇਕਾਂ ਕਰਮਚਾਰੀਆਂ ਤੋਂ ਸਾਲ 2018 ਦੇ ਰੂਲਾਂ ਅਨੁਸਾਰ ਬਾਰਡਰ ਜਾਂ ਜਨਰਲ (ਨਾਨ-ਬਾਰਡਰ) ਏਰੀਏ ਦੀ ਆਪਸ਼ਨ ਦੇਣ ਲਈ ਪੱਤਰ ਜਾਰੀ ਕੀਤਾ ਗਿਆ ਸੀ।

6. ਉਕਤ ਦੇ ਸਨਮੁੱਖ ਸਮੂਹ ਜਿਲਾ ਸਿੱਖਿਆ ਅਫਸਰਾਂ ਵੱਲੋਂ ਭੇਜੀ ਗਈ ਸੂਚਨਾਂ ਦੇ ਅਧਾਰ ਤੇ ਵਿਭਾਗ ਵੱਲੋਂ ਖੇਤਰੀ ਦਫਤਰਾਂ ਵਿੱਚ ਕੰਮ ਕਰਦੇ ਕਲਰਕਾਂ/ ਜੂਨੀਅਰ ਸਹਾਇਕਾਂ ਦੀ ਪ੍ਰੋਵੀਜਨਲ ਸੀਨੀਆਰਤਾ ਸੂਚੀਆਂ ਬਾਰਡਰ ਅਤੇ ਜਨਰਲ (ਨਾਨ-ਬਾਰਡਰ) ਏਰੀਏ ਅਨੁਸਾਰ ਤਿਆਰ ਕੀਤੀਆਂ ਗਈਆਂ ਹਨ। (ਪੀ ਡੀ ਐਫ ਕਾਪੀ ਨੱਥੀ)

7. ਇਹ ਸੀਨੀਆਰਤਾ ਸੂਚੀਆਂ ਪੰਜਾਬ ਸਰਕਾਰ ਪ੍ਰਸੋਨਲ ਵਿਭਾਗ ਵੱਲੋਂ ਜਾਰੀ ਕੀਤੀਆਂ ਗਈਆਂ ਹਦਾਇਤਾਂ ਮਿਤੀ 10-10-2014 ਅਨੁਸਾਰ ਤਿਆਰ ਕੀਤੀਆਂ ਗਈਆਂ ਹਨ।

8. ਜੇਕਰ ਖੇਤਰੀ ਦਫਤਰ ਦੇ ਕਲਰਕਾਂ/ ਜੂਨੀਅਰ ਸਹਾਇਕਾਂ ਨੂੰ ਇਸ ਤਿਆਰ ਕੀਤੀ ਗਈ ਪ੍ਰੋਵੀਜਨਲ ਸੀਨੀਆਰਤਾ ਸੂਚੀ ਵਿੱਚ ਕਿਸੇ ਵੀ ਤਰਾਂ ਦਾ ਕੋਈ ਇਤਰਾਜ ਹੋਵੇ ਤਾਂ ਉਹ ਆਪਣਾ ਇਤਰਾਜ ਆਪਣੇ ਸਬੰਧਤ ਜਿਲਾ ਸਿੱਖਿਆ ਅਫਸਰ (ਸੈਸਿ) ਰਾਹੀਂ ਇਸ ਦਫਤਰ ਨੂੰ ਸ਼ਾਖਾ ਦੀ ਈਮੇਲ ਆਈਡੀ medpipunjab@punjabeducation.gov.in ਤੇ ਮਿਤੀ 08-12-2025 ਨੂੰ ਸ਼ਾਮ 4:00 ਵਜੇ ਤੱਕ ਭੇਜਣਾ ਯਕੀਨੀ ਬਣਾਇਆ ਜਾਵੇ।

9. ਜੇਕਰ ਆਪ ਦੇ ਜਿਲੇ ਦੇ ਕਿਸੇ ਵੀ ਕਰਮਚਾਰੀ (ਕਲਰਕਾਂ/ ਜੂਨੀਅਰ ਸਹਾਇਕਾਂ) ਵੱਲੋਂ ਆਪ ਨੂੰ ਇਤਰਾਜ ਸਬੰਧੀ ਦਿੱਤੀ ਗਈ ਬੇਨਤੀ ਇਸ ਦਫਤਰ ਨੂੰ ਨਿਸ਼ਚਿਤ ਕੀਤੇ ਗਏ ਸਮੇਂ ਦੇ ਅੰਦਰ ਅੰਦਰ ਭੇਜਣ ਤੋ ਰਹਿ ਜਾਂਦੀ ਹੈ ਤਾਂ ਉਸ ਦੀ ਨਿਰੋਲ ਜਿੰਮੇਵਾਰੀ ਆਪ ਦੀ ਖੁਦ ਦੀ ਹੋਵੇਗੀ।

10. ਇਸ ਤਿਆਰ ਕੀਤੀ ਗਈ ਪ੍ਰੋਵੀਜਨਲ ਸੀਨੀਆਰਤਾ ਸੂਚੀ ਨੂੰ ਫਾਇਨਲ ਸੀਨੀਆਰਤਾ ਸੂਚੀ ਨਾ ਸਮਝਿਆ ਜਾਵੇ।

11. ਮਿਤੀ 08-12-2025 ਨੂੰ ਸ਼ਾਮ 4:00 ਵਜੇ ਤੋਂ ਬਾਅਦ ਪ੍ਰਾਪਤ ਇਤਰਾਜਾਂ ਤੇ ਵਿਚਾਰ ਨਹੀ ਕੀਤਾ ਜਾਵੇਗਾ ਅਤੇ ਖੇਤਰੀ ਦਫਤਰਾਂ ਦੇ ਕਲਰਕਾਂ/ ਜੂਨੀਅਰ ਸਹਾਇਕਾਂ ਦੀ ਸੀਨੀਆਰਤਾ ਸੂਚੀ ਨੂੰ ਅੰਤਿਮ ਰੂਪ ਦੇ ਦਿੱਤਾ ਜਾਵੇਗਾ।

28/11/2025

ਸਹਾਇਕ ਰਜਿਸਟਰਾਰ